Vigilance Bureau, Punjab

## Vigilance arrests three shopkeepers for over pricing on sanitizers, masks

Special drive against shops indulging in black marketing to continue : Uppal

**Chandigarh May 21** : In a bid to check black marketing and hoarding of essential items, state Vigilance Bureau today arrested three shopkeepers for selling sanitizers and masks at overpriced rates to the public.

Disclosing this here today, Chief Director-cum-ADGP Vigilance Bureau Punjab, B.K. Uppal said a special drive had already been launched by the Bureau in the state during COVID-19 pandemic to ensure proper supply of sanitizers and masks to general public at Government approved rates. "This drive will continue unabated and all such culprits indulging in black marketing and hoarding will be brought to book", he added.

VB Chief informed that on the complaints received from the public in the border belt, VB Range Amritsar during this drive has arrested Sunil Dogra, proprietor of Dogra Medicos Gumtala Road, Amritsar and Dinesh Kumar (License Holder) Pawan Kumar (Proprietor) of Naveen Medicos, Rattan Singh Chowk Amritsar for charging overpriced rates of sanitizers.

He added that in this case two FIRs u/s 420/188 IPC and section 7 of Essential Commodities Act 1955 have been registered at Police Station Vigilance Bureau, Amritsar against the shopkeepers Sunil Dogra, Dinesh Kumar and Pawan Kumar. Further investigations are under progress.

---------------

# ਵਿਜੀਲੈਂਸ ਬਿਓਰੋ ਪੰਜਾਬ

## ਮਹਿੰਗੇ ਸੈਨੇਟਾਈਜ਼ਰ ਤੇ ਮਾਸਕ ਵੇਚਦੇ ਤਿੰਨ ਦੁਕਾਨਦਾਰ ਵਿਜੀਲੈਂਸ ਵੱਲੋਂ ਗ੍ਰਿਫਤਾਰ

ਵੱਧ ਮੁੱਲ ਤੇ ਸਮਾਨ ਵੇਚਣ ਵਾਲਿਆਂ ਵਿਰੁੱਧ ਜਾਰੀ ਰਹੇਗੀ ਵਿਜੀਲੈਂਸ ਦੀ ਵਿਸ਼ੇਸ਼ ਮੁਹਿੰਮ : ਉੱਪਲ

ਚੰਡੀਗੜ 21 ਮਈ : ਰਾਜ ਵਿਜੀਲੈਂਸ ਬਿਓਰੋ ਨੇ ਕਾਲੇ ਬਾਜਾਰੀਕਰਨ ਲਈ ਜਰੂਰੀ ਵਸਤਾਂ ਦੇ ਭੰਡਾਰ ਨੂੰ ਰੋਕਣ ਲਈ ਅੱਜ ਦਵਾਈਆਂ ਵੇਚਣ ਵਾਲੇ ਤਿੰਨ ਦੁਕਾਨਦਾਰਾਂ ਨੂੰ ਲੋਕਾਂ ਨੂੰ ਵਾਧੂ ਰੇਟਾਂ ਉਤੇ ਸੈਨੇਟਾਈਜ਼ਰ ਅਤੇ ਮਾਸਕ ਵੇਚਣ ਦੇ ਦੋਸ਼ ਹੇਠ ਗ੍ਰਿਫਤਾਰ ਕੀਤਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਮੁੱਖ ਡਾਇਰੈਕਟਰ-ਕਮ-ਏ.ਡੀ.ਜੀ.ਪੀ.ਵਿਜੀਲੈਂਸ ਬਿਓਰੋ ਪੰਜਾਬ, ਸ੍ਰੀ ਬੀ.ਕੇ. ਉੱਪਲ ਨੇ ਕਿਹਾ ਕਿ ਬਿਓਰੋ ਵੱਲੋਂ ਕੋਵਿਡ-19 ਮਹਾਂਮਾਰੀ ਦੌਰਾਨ ਇਕ ਵਿਸ਼ੇਸ਼ ਮੁਹਿੰਮ ਪਹਿਲਾਂ ਹੀ ਸੁਰੂ ਕੀਤੀ ਹੋਈ ਹੈ ਤਾਂ ਜੋ ਸਰਕਾਰੀ ਵੱਨੋਂ ਮਨਜ਼ੂਰਸ਼ੁਦਾ ਰੇਟਾਂ 'ਤੇ ਆਮ ਲੋਕਾਂ ਨੂੰ ਜਰੂਰੀ ਵਸਤਾਂ ਸਮੇਤ ਸੈਨੇਟਾਈਜ਼ਰ ਅਤੇ ਮਾਸਕ ਦੀ ਸਹੀ ਸਪਲਾਈ ਨੂੰ ਯਕੀਨੀ ਬਣਾਇਆ ਜਾ ਸਕੇ। ਉਨ੍ਹਾਂ ਕਿਹਾ, "ਇਹ ਮੁਹਿੰਮ ਬਿਨਾਂ ਰੁਕਾਵਟ ਜਾਰੀ ਰਹੇਗੀ ਅਤੇ ਬਲੈਕ ਮਾਰਕੀਟਿੰਗ ਅਤੇ ਫਾਲਤੂ ਭੰਡਾਰ ਕਰਨ ਵਿਚ ਲੱਗੇ ਅਜਿਹੇ ਸਾਰੇ ਦੋਸ਼ੀਆਂ ਵਿਰੁੱਧ ਕਾਰਵਾਈ ਜਾਰੀ ਰਹੇਗੀ।

ਵਿਜੀਲੈਂਸ ਬਿਓਰੋ ਦੇ ਮੁਖੀ ਨੇ ਦੱਸਿਆ ਕਿ ਸਰਹੱਦੀ ਇਲਾਕੇ ਵਿਚ ਲੋਕਾਂ ਵੱਲੋਂ ਮਿਲ ਰਹੀਆਂ ਸ਼ਿਕਾਇਤਾਂ 'ਤੇ ਵਿਜੀਲੈਂਸ ਰੇਂਜ ਅੰਮ੍ਰਿਤਸਰ ਨੇ ਇਸ ਮੁਹਿੰਮ ਦੌਰਾਨ ਡੋਗਰਾ ਮੈਡੀਕੋਜ਼, ਗੁਮਟਾਲਾ ਰੋਡ, ਅੰਮ੍ਰਿਤਸਰ ਦੇ ਮਾਲਕ ਸੁਨੀਲ ਡੋਗਰਾ ਅਤੇ ਨਵੀਨ ਮੈਡੀਕੋਜ਼ ਦੇ ਮਾਲਕ ਦਿਨੇਸ਼ ਕੁਮਾਰ (ਲਾਇਸੈਂਸ ਧਾਰਕ) ਪਵਨ ਕੁਮਾਰ (ਪ੍ਰੋਪਾਈਟਰ) ਰਤਨ ਸਿੰਘ ਚੌਕ ਅੰਮ੍ਰਿਤਸਰ ਨੂੰ ਗ੍ਰਿਫਤਾਰ ਕੀਤਾ ਹੈ ਜੋ ਕਿ ਆਮ ਲੋਕਾਂ ਤੋਂ ਸੈਨੀਟਾਈਜ਼ਰ ਦੀਆਂ ਵੱਧ ਕੀਮਤਾਂ ਵਸੂਲ ਰਹੇ ਸੀ।

ਉਨ੍ਹਾਂ ਅੱਗੇ ਕਿਹਾ ਕਿ ਇਸ ਮਾਮਲੇ ਵਿੱਚ ਦੁਕਾਨਦਾਰਾਂ ਸੁਨੀਲ ਡੋਗਰਾ, ਦਿਨੇਸ਼ ਕੁਮਾਰ ਅਤੇ ਪਵਨ ਕੁਮਾਰ ਵਿਰੁੱਧ ਥਾਣਾ ਵਿਜੀਲੈਂਸ ਬਿਓਰੋ, ਅੰਮ੍ਰਿਤਸਰ ਵਿਖੇ ਦੋ ਮੁਕੱਦਮੇ ਅਧੀਨ ਧਾਰਾ 420/188 ਆਈ ਪੀ ਸੀ ਅਤੇ ਜਰੂਰੀ ਵਸਤਾਂ ਕਾਨੂੰਨ 1955 ਦੀ ਧਾਰਾ 7 ਦਰਜ ਕੀਤੇ ਗਏ ਹਨ ਤੇ ਇਸ ਸਬੰਧੀ ਅਗਲੇਰੀ ਪੜਤਾਲ ਜਾਰੀ ਹੈ।

--------